# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 04 ਅਕਤੂਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿਖੇ ਸ਼ਾਇਰ ਗੁਰਭਜਨ ਗਿੱਲ ਦਾ ਨਵ ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਜ਼ੇਵਰ' ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 4 ਅਕਤੂਬਰ : ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਸਰੀ ਵਿਖੇ ਵੈਨਕੂਵਰ ਵਿਚਾਰ ਮੰਚ ਅਤੇ ਗ਼ਜ਼ਲ ਮੰਚ ਸਰੀ ਦੇ ਲੇਖਕਾਂ ਵੱਲੋਂ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਭਜਨ ਗਿੱਲ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਜ਼ੇਵਰ' ਰਿਲੀਜ਼ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਵਿਸ਼ੇਸ਼ ਤੌਰ 'ਤੇ ਇਹ ਪੁਸਤਕ ਲੈ ਕੇ ਸਰੀ ਵਿਖੇ ਆਏ ਸਨ।

ਇਸ ਗ਼ਜ਼ਲ ਸੰਗ੍ਰਹਿ ਦਾ ਸਵਾਗਤ ਕਰਦਿਆਂ ਦਰਸ਼ਨ ਬੁੱਟਰ ਨੇ ਕਿਹਾ ਕਿ ਗੁਰਭਜਨ ਗਿੱਲ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੇ ਅਨੇਕ ਸ਼ਿਅਰ ਅਤੇ ਕਾਵਿ ਟੁਕੜੀਆਂ ਸਮਾਜ ਦੇ ਹਰ ਵਰਗ ਦੇ ਪਾਠਕਾਂ ਦੀ ਜ਼ੁਬਾਨ 'ਤੇ ਚੜ੍ਹੀਆਂ ਹੋਈਆਂ ਹਨ। ਇਸ ਲਈ ਸ਼ਾਇਰ ਗੁਰਭਜਨ ਗਿੱਲ ਨੂੰ ਲੋਕ ਕਵੀ ਹੋਣ ਦਾ ਦਰਜਾ ਹਾਸਿਲ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਦੇ ਸਨਮਾਨ ਨਾਲ ਨਿਵਾਜਿਆ ਹੈ। ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਉਸ ਨੇ ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਤਲਾਸ਼ਦਿਆਂ ਆਧੁਨਿਕ ਮਨੁੱਖ ਨੂੰ ਦਰਪੇਸ਼ ਤ੍ਰਾਸਦੀਆਂ ਦੀ ਨਿਸ਼ਾਨਦੇਹੀ ਕੀਤੀ ਹੈ।

ਸ਼ਾਇਰ ਜਸਵਿੰਦਰ ਨੇ ਕਿਹਾ ਕਿ ਜ਼ੇਵਰ ਦੀ ਵਿੱਲਖਣ ਕਾਵਿ ਭਾਸ਼ਾ ਪੰਜਾਬੀ ਪਾਠਕ ਦੇ ਮਨ ਵਿਚ ਸਹਿਜੇ ਹੀ ਉਤਰਨ ਦੀ ਸਮਰੱਥਾ ਰੱਖਦੀ ਹੈ। ਪੰਜਾਬੀ ਰਹਿਤਲ ਵਿੱਚੋਂ ਲਏ ਬਿੰਬਾਂ, ਪ੍ਰਤੀਕਾਂ ਦੀ ਆਪਣੇ ਸ਼ਿਅਰਾਂ ਵਿਚ ਸੁਯੋਗ ਵਰਤੋਂ ਕਰਨੀ ਸ਼ਾਇਰ ਗੁਰਭਜਨ ਗਿੱਲ ਦੀ ਵਿਸ਼ੇਸ਼ਤਾ ਹੈ। ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਹਰਦਮ ਮਾਨ, ਸਤੀਸ਼ ਗੁਲਾਟੀ ਅਤੇ ਅੰਗਰੇਜ਼ ਬਰਾੜ ਹੋਰਾਂ ਨੇ ਇਹ ਖੂਬਸੂਰਤ ਪੁਸਤਕ ਰਿਲੀਜ਼ ਹੋਣ 'ਤੇ ਸ਼ਾਇਰ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ।

## ਪੰਜਾਬੀ ਲੇਖਕ ਇੰਦਰਜੀਤ ਕੌਰ ਸਿੱਧੂ ਦਾ ਕੈਨੇਡਾ ਵਿੱਚ ਦੇਹਾਂਤ

### ਪੰਜਾਬੀ ਲੋਰ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਅਫ਼ਸੋਸ ਦਾ ਪ੍ਰਗਟਾਵਾ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 4 ਅਕਤੂਬਰ : ਸਰੀ(ਕੈਨੇਡਾ) ਵੱਸਦੀ ਸਿਰਕੱਢ ਲੇਖਕ ਤੇ ਕਾਲਮ ਨਵੀਸ ਇੰਦਰਜੀਤ ਕੈਰ ਸਿੱਧੂ ਦਾ ਅੱਜ ਦੇਦਾਂਤ ਹੋ ਗਿਆ ਹੈ। ਇਹ ਜਾਣਕਾਰੀ ਵੈਨਕੂਵਰ ਵਿਚਾਰ ਮੰਚ ਦੇ ਪ੍ਰਤੀਨਿਧ ਮੋਹਨ ਗਿੱਲ ਤੇ ਅੰਗਰੇਜ਼ ਬਰਾੜ ਨੇ ਦਿੱਤੀ ਹੈ।
ਇੰਦਰਜੀਤ ਕੈਰ ਸਿੱਧੂ ਦੇ ਦੇਹਾਂਤ ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ। ਸਿੰਘ ਗਿੱਲ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵੀਂ ਕੀਤਾ ਹੈ। ਉਹ ਸਮਰੱਥ ਲੇਖਿਕਾ ਤੇ ਕਾਲਮ ਨਵੀਸ ਸਨ। ਕੈਨੇਡਾ ਵਿੱਚ ਲੇਖਕ ਭਾਈਚਾਰੇ ਵਿੱਚ ਉਨ੍ਹਾਂ ਦੀ ਬੇਬਾਕ ਟਿੱਪਣੀ ਹਮੇਸ਼ਾਂ ਉਡੀਕੀ ਜਾਂਦੀ ਸੀ। ਉਹ ਮੇਰੀ ਮਿਹਰਬਾਨ ਲੇਖਕ ਸੀ ਜੈ ਸੱਚ ਨੂੰ ਮੂੰਹ ਤੇ ਆਖਣ ਦੀ ਦਲੇਰੀ ਰੱਖਦੇ ਸਨ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਵਿੱਚ ਹੀ ਨਾਵਲਕਾਰ ਤੇ ਕਵੀ ਨਦੀਮ ਪਰਮਾਰ,ਚਿੱਤਰਕਾਰ ਜਰਨੈਲ ਸਿੰਘ, ਕਵੀ ਤੇ ਚਿੰਤਕ ਹਰਜੀਤ ਦੌਧਰੀਆ,ਪ੍ਰਸਿੱਧ ਵਿਦਵਾਨ ਪ੍ਰੋ. ਗੁਰਮੀਤ ਸਿੰਘ ਟਿਵਾਣਾ, ਪੰਜਾਬੀ ਕਵੀ ਮਹਿੰਦਰ ਸੂਮਲ ਤੇ ਹੁਣ ਇੰਦਰਜੀਤ ਕੌਰ ਸਿੱਧੂ ਦੀ ਮੌਤ ਨਾਲ ਬ੍ਰਿਟਿਸ਼ ਕੋਲੰਬੀਆ ਨੂੰ ਵੱਡਾ ਸਾਹਿੱਤਕ ਘਾਟਾ ਪਿਆ ਹੈ।
ਇੰਦਰਜੀਤ ਕੌਰ ਸਿੱਧੂ ਦੇ ਸਹਿਯੋਗੀ ਰਹੇ ਸੁਰਜੀਤ ਮਾਧੋਪੁਰੀ ਨੇ ਦੱਸਿਆ ਕਿ ਹੁਣ ਤੱਕ ਇੰਦਰਜੀਤ ਕੌਰ ਸਿੱਧੂ ਪੰਦਰਾਂ ਤੋਂ ਵੱਧ ਕਿਤਾਬਾਂ ਲਿਖ ਚੁੱਕੇ ਸਨ ਇਹਨਾਂ ਵਿੱਚ ਕਵਿਤਾ, ਕਹਾਣੀ, ਅਤੇ ਵਾਰਤਕ ਦੀਆਂ ਕਿਤਾਬਾਂ ਸ਼ਾਮਲ ਹਨ। ਸਿੱਧੂ ਨੌਰਥ ਅਮਰੀਕਨ ਪੰਜਾਬੀ ਰਾਈਟਰਜ਼ ਅਸੋਸੀਏਸ਼ਨ ਦੀ ਮੈਂਬਰ ਸੀ। ਇੰਦਰਜੀਤ ਸਿੱਧੂ ਰੇਡੀਓ ਤੇ ਟਾਕ ਸ਼ੋਅ ਕਰਦੇ ਜਨ ਅਤੇ ਇੰਡੋ ਕੈਨੇਡੀਅਨ ਟਾਇਮਜ਼ ਅਖਬਾਰ ਵਿੱਚ ਇੱਕ ਕਾਲਮ ਵੀ ਲਿਖਦੇ ਹਨ।
ਮੋਹਨ ਗਿੱਲ ਨੇ ਦੱਸਿਆ ਕਿ ਇੰਦਰਜੀਤ ਕੌਰ ਸਿੱਧੂ ਦੀਆਂ ਪ੍ਰਮੁੱਖ ਪੁਸਤਕਾਂ ਮਹਿਕ ਦੀ ਭੁੱਖ (ਕਹਾਣੀਆਂ),ਤਪੱਸਿਆ (ਕਹਾਣੀਆਂ)ਕਰਮ (ਕਹਾਣੀ ਸੰਗ੍ਰਹਿ) ਤਨ-ਮਨ (ਕਵਿਤਾ),
ਅਣਹੋਣੀ ਹੀ ਹੋਈ (ਕਵਿਤਾ),
ਹੋਣੀ ਤੋਂ ਅਣਹੋਣੀ ਤੱਕ (ਕਵਿਤਾ),
ਨੰਗੇ ਪੈਰ ( ਕਵਿਤਾ)ਖਿਲਾਅ ਵਿੱਚ ਦਸਤਕ (ਕਵਿਤਾ), ਕੰਧ ਤੇ ਰਿਸ਼ਤਾ (ਕਹਾਣੀਆਂ) ਤੇ ਚਿੜਿਆਂ ਉੱਡ ਗਈਆਂ (ਕਹਾਣੀਆਂ) ਹੋਣੀ ਅੰਣਹੋਣੀ ਤੋਂ ਬਾਅਦ (ਕਵਿਤਾ) ਨਾ ਸੜਕਾਂ ਨਾ ਦਾਇਰੇ (ਸਵੈ-ਜੀਵਨੀ) ਤੇ ਇਹ ਵੀ ਇਤਿਹਾਸ ਹੀ ਹੈ (ਵਾਰਤਕ) ਸਨ।

## ਪੰਜਾਬੀ ਸਹਿਤ ਸਭਾ ਭੁਮੱਦੀ ਦੀ ਮਹੀਨਾਵਾਰ ਮਿਲਣੀ

ਵਰਲਡ ਪੰਜਾਬੀ ਟਾਈਮਜ਼ ਬਲਬੀਰ ਸਿੰਘ ਬੱਬੀ

ਮਾਛੀਵਾੜਾ ਸਾਹਿਬ 4 ਅਕਤੂਬਰ : ਪੰਜਾਬੀ ਸਾਹਿਤ ਸਭਾ ਭਮੱਦੀ ਦੀ ਮਹੀਨਾਵਾਰ ਮਿਲਣੀ ਪਿੰਡ ਦੀ ਸੱਥ ਵਿੱਚ ਪ੍ਰਧਾਨ ਗੁਰਮੇਲ ਸਿੰਘ ਗਿੱਲ ਭੁਮੱਦੀ ਦੀ ਪ੍ਰਧਾਨਗੀ ਹੇਠ ਹੋਈ ਇਕਤਰਤਾ ਸ਼ਹੀਦ ਆਜਮ ਸਰਦਾਰ ਭਗਤ ਸਿੰਘ ਜੀ ਨੂੰ ਸਮਰਪਿਤ ਕੀਤੀ ਗਈ।
ਮਾਸਟਰ ਭਿੰਦਰ ਸਿੰਘ ਭੁਮੱਦੀ ਨੇ ਸ਼ਹੀਦ ਭਗਤ ਸਿੰਘ ਦੇ ਜੀਵਨ ਉੱਪਰ ਚਾਨਣਾ ਪਾਇਆ ਅਤੇ ਸੰਗੀਤ ਸਮਰਾਟ ਸ੍ਰੀ ਚਰਨਜੀਤ ਅਹੂਜਾ ਜੀ ਦੀ ਹੋਈ ਬੇਵਕਤੀ ਮੌਤ ਉੱਪਰ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਉਪਰੰਤ ਉੱਘੇ ਗਇਕ ਰਾਜਵੀਰ ਜਵੰਦਾ ਦੀ ਤੰਦਰੁਸਤੀ ਵਾਸਤੇ ਹਾਜ਼ਰ ਸਾਹਿਤਕਾਰਾਂ ਨੇ ਅਰਦਾਸ ਕੀਤੀ।



ਅਵਤਾਰ ਸਿੰਘ ਮਾਨ ਇੱਕੋਲਾਹੀ ਨੇ ਹਾਜ਼ਰ ਸਾਹਿਤਕਾਰਾਂ ਨੂੰ ਜੀ ਆਇਆ ਕਹਿੰਦੇ ਹੋਇਆ ਮਾਤਾ ਦੀ ਭੇਟਾ ਸੁਣਾ ਕੇ ਸਭਾ ਦੀ ਸ਼ੁਰੂਆਤ ਕੀਤੀ ਅੱਜ ਦੀ ਸਭਾ ਨੂੰ ਉਦੋਂ ਚਾਰ ਚੰਨ ਲੱਗ ਗਏ ਜਦੋਂ ਪਿੰਡ ਦੇ ਚਾਰ ਬੱਚੇ ਗੁਰਨੂਰ ਸਿੰਘ,ਨਰਿੰਦਰ ਸਿੰਘ,ਜਸਮੀਤ ਸਿੰਘ,ਸੁਖਪ੍ਰੀਤ ਸਿੰਘ ਅਤੇ ਦਿਲਜਾਨ ਆਪੋ ਆਪਣੀਆਂ ਰਚਨਾਵਾਂ ਸੁਣਾਉਣ ਸਭਾ ਵਿੱਚ ਪਹੁੰਚੇ |ਇਹਨਾਂ ਬੱਚਿਆਂ ਵੱਲੋਂ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਹਾਜ਼ਰ ਸਾਹਿਤਕਾਰਾਂ ਕੋਲੋਂ ਵਾਹਵਾ ਖੱਟੀ ਗਈ| ਰਚਨਾਵਾਂ ਦੇ ਚੱਲੇ ਦੌਰ ਵਿੱਚ ਮਨਜੀਤ ਸਿੰਘ ਧੰਜਲ ਵੱਲੋਂ ਗੀਤ ਭਗਤ ਸਿੰਘ,ਗੁਰਮੇਲ ਸਿੰਘ ਗੇਲ ਭਮੱਦੀ ਵੱਲੋਂ ਪ੍ਰਵਾਸ, ਸਭਾ ਦੇ ਸਰਪ੍ਰਸਤ ਪਰਗਟ ਸਿੰਘ ਭੁਮਦੀ ਵੱਲੋਂ ਕਵਿਤਾ ਜਾਂਚ, ਬਲਰਾਜ ਸਿੰਘ ਜਟਾਣਾ ਵੱਲੋਂ ਗੀਤ, ਬੱਬੂ ਇਕਲਾਹਾ ਗੀਤ, ਅਰਮਾਨ ਵੀਰ ਸਿੰਘ ਚਕੋਹੀ ਵੱਲੋਂ ਕਵਿਤਾ, ਸ਼ੌਂਕੀ ਭਮੱਦੀ ਵੱਲੋਂ ਗੀਤ ਇਨਕਲਾਬ, ਦਿਲਜਾਨ ਭੁਮੱਦੀ ਵੱਲੋਂ ਸ਼ੇਅਰ ਸੁਣਾਕੇ ਹਾਜ਼ਰੀ ਲਵਾਈ ਗਈ
ਇੱਥੇ ਜਿਕਰਯੋਗ ਹੈ ਕਿ ਨਵੇਂ ਸਹਿਤਕਾਰਾਂ ਅਤੇ ਬੱਚਿਆਂ ਨੂੰ ਸਹਿਤ ਬਾਰੇ ਜਾਣਕਾਰੀ ਦੇਣ ਲਈ ਉੱਘੇ ਬਾਲ ਗੀਤ,ਗਾਇਕ ਅਤੇ ਸਾਹਿਤਕਾਰ ਕਮਲਜੀਤ ਸਿੰਘ ਨੀਲੋ ਉਚੇਚੇ ਤੌਰ ਤੇ ਸ਼ਾਮਿਲ ਹੋਏ ਅਤੇ ਉਹਨਾਂ ਵੱਲੋਂ ਹਾਜ਼ਰ ਸਰੋਤਿਆਂ ਅਤੇ ਸਾਹਿਤਕਾਰਾਂ ਨੂੰ ਕਹਾਣੀ ਸਬਕ ਪੜ੍ਹ ਕੇ ਸੁਣਾਈ ਗਈ। ਸਾਰੀਆਂ ਪੜੀਆਂ ਰਚਨਾਵਾਂ ਉੱਪਰ ਉਸਾਰੂ ਚਰਚਾ ਕੀਤੀ ਗਈ । ਸਰੋਤਿਆਂ ਵਿੱਚ ਕੁਲਦੀਪ ਸਿੰਘ,ਲਖਵੀਰ ਸਿੰਘ ਲੱਖੀ,ਪਵਿੱਤਰ ਸਿੰਘ,ਰਣਜੋਧ ਸਿੰਘ,ਸ਼ਮਸ਼ੇਰ ਸਿੰਘ ਆਦਿ ਹਾਜਰ ਸਨ ਅੰਤ ਵਿੱਚ ਸਭਾ ਦੇ ਸਰਪ੍ਰਸਤ ਪਰਗਟ ਸਿੰਘ ਭੁਮੱਦੀ ਵਲੋਂ ਪਹੁੰਚੇ ਸਮੂਹ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

## ਜੱਜ ਸਰਦਾਰਨੀ ਲਵਲੀਨ ਕੋਰ ਜੀ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਹੋਏ ਨਤਮਸਤਕ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 4 ਅਕਤੂਬਰ : ਬਾਬਾ ਸ਼ੇਖ ਫਰੀਦ ਜੀ ਦੀ ਚਰਨ-ਛੋਹ ਪ੍ਰਾਪਤ ਪਵਿੱਤਰ ਨਗਰੀ ਵਿਖੇ ਜੱਜ ਸਰਦਾਰਨੀ ਲਵਲੀਨ ਕੋਰ ਜੀ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਨਤਮਸਤਕ ਹੋਏ। ਟਿੱਲਾ ਬਾਬਾ ਫਰੀਦ ਵਿਖੇ ਪੁਹੰਚਣ ਤੇ ਬਾਬਾ ਫਰੀਦ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਵੱਲੋਂ ਉਹਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ। ਗ੍ਰੰਥੀ ਅਜੀਤ ਸਿੰਘ ਵੱਲੋਂ ਸਿਰੋਪਾਉ ਪਾ ਕੇ ਅਤੇ ਟਿੱਲਾ ਬਾਬਾ ਫ਼ਰੀਦ ਜੀ ਦੇ ਮੈਨੇਜਰ ਨਿਸ਼ਾਨ ਸਿੰਘ ਵੱਲੋਂ ਬਾਬਾ ਫ਼ਰੀਦ ਸੰਸਥਾਵਾਂ ਦੇ ਸੰਸਥਾਪਕ ਸਵ: ਸ. ਇੰਦਰਜੀਤ ਸਿੰਘ ਖ਼ਾਲਸਾ ਜੀ ਦੀਆਂ ਬਾਬਾ ਫ਼ਰੀਦ ਜੀ ਦੀ ਜੀਵਨੀ ਤੇ ਲਿਖਤ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਜੱਜ ਸਰਦਾਰਨੀ ਲਵਲੀਨ ਕੋਰ ਜੀ ਨੇ ਸੇਖੋਂ ਸਾਹਿਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਬਾਬਾ ਫਰੀਦ ਜੀ ਦੇ ਇਸ ਪਾਵਨ ਅਸਥਾਨ ਤੇ ਆ ਕੇ ਬਹੁਤ ਹੀ ਖੁਸ਼ੀ ਮਹਿਸੂਸ ਕਰ ਰਹੇ ਹਨ ਤੇ ਉਹ ਬਹੁਤ ਹੀ ਖੁਸ਼ਕਿਸਮਤ ਹਨ ਕਿ ਉਹਨਾਂ ਨੂੰ ਬਾਬਾ ਫਰੀਦ ਜੀ ਦਾ ਅਸ਼ੀਰਵਾਦ ਲੈਣ ਦਾ ਮੌਕਾ ਮਿਲਿਆ ਹੈ।


## ਸਰੀ ਵਿਖੇ ਸ਼ਾਇਰ ਗੁਰਭਜਨ ਗਿੱਲ ਦਾ ਨਵ ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਜ਼ੇਵਰ' ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 4 ਅਕਤੂਬਰ : ਬੀਤੇ ਦਿਨ ਗੁਲਾਟੀ ਪਬਲਿਸ਼ਰਜ਼ ਸਰੀ ਵਿਖੇ ਵੈਨਕੂਵਰ ਵਿਚਾਰਮੰਚ ਅਤੇ ਗ਼ਜ਼ਲ ਮੰਚ ਸਰੀ ਦੇ ਲੇਖਕਾਂ ਵੱਲੋਂ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਭਜਨ ਗਿੱਲ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਜ਼ੇਵਰ' ਰਿਲੀਜ਼ ਕੀਤਾ ਗਿਆ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਵਿਸ਼ੇਸ਼ ਤੌਰ 'ਤੇ ਇਹ ਪੁਸਤਕ ਲੈ ਕੇ ਸਰੀ ਵਿਖੇ ਆਏ ਸਨ।

ਇਸ ਗ਼ਜ਼ਲ ਸੰਗ੍ਰਹਿ ਦਾ ਸਵਾਗਤ ਕਰਦਿਆਂ ਦਰਸ਼ਨ ਬੁੱਟਰ ਨੇ ਕਿਹਾ ਕਿ ਗੁਰਭਜਨ ਗਿੱਲ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੇ ਅਨੇਕ ਸ਼ਿਅਰ ਅਤੇ ਕਾਵਿ ਟੁਕੜੀਆਂ ਸਮਾਜ ਦੇ ਹਰ ਵਰਗ ਦੇ ਪਾਠਕਾਂ ਦੀ ਜ਼ੁਬਾਨ 'ਤੇ ਚੜ੍ਹੀਆਂ ਹੋਈਆਂ ਹਨ। ਇਸ ਲਈ ਸ਼ਾਇਰ ਗੁਰਭਜਨ ਗਿੱਲ ਨੂੰ ਲੋਕ ਕਵੀ ਹੋਣ ਦਾ ਦਰਜਾ ਹਾਸਿਲ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਕਵੀ ਦੇ ਸਨਮਾਨ ਨਾਲ ਨਿਵਾਜਿਆ ਹੈ। ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਵਿਚ ਉਸ ਨੇ ਪੰਜਾਬੀ ਸਭਿਆਚਾਰ ਦੀਆਂ ਜੜ੍ਹਾਂ ਤਲਾਸ਼ਦਿਆਂ ਆਧੁਨਿਕ ਮਨੁੱਖ ਨੂੰ ਦਰਪੇਸ਼ ਤ੍ਰਾਸਦੀਆਂ ਦੀ ਨਿਸ਼ਾਨਦੇਹੀ ਕੀਤੀ ਹੈ। ਸ਼ਾਇਰ ਜਸਵਿੰਦਰ ਨੇ ਕਿਹਾ ਕਿ ਜ਼ੇਵਰ ਦੀ ਵਿੱਲਖਣ ਕਾਵਿ ਭਾਸ਼ਾ ਪੰਜਾਬੀ ਪਾਠਕ ਦੇ ਮਨ ਵਿਚ ਸਹਿਜੇ ਹੀ ਉਤਰਨ ਦੀ ਸਮਰੱਥਾ ਰੱਖਦੀ ਹੈ। ਪੰਜਾਬੀ ਰਹਿਤਲ ਵਿੱਚੋਂ ਲਏ ਬਿੰਬਾਂ, ਪ੍ਰਤੀਕਾਂ ਦੀ ਆਪਣੇ ਸ਼ਿਅਰਾਂ ਵਿਚ ਸੁਯੋਗ ਵਰਤੋਂ ਕਰਨੀ ਸ਼ਾਇਰ ਗੁਰਭਜਨ ਗਿੱਲ ਦੀ ਵਿਸ਼ੇਸ਼ਤਾ ਹੈ। ਨਾਮਵਰ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਹਰਦਮ ਮਾਨ, ਸਤੀਸ਼ ਗੁਲਾਟੀ ਅਤੇ ਅੰਗਰੇਜ਼ ਬਰਾੜ ਹੋਰਾਂ ਨੇ ਇਹ ਖੂਬਸੂਰਤ ਪੁਸਤਕ ਰਿਲੀਜ਼ ਹੋਣ 'ਤੇ ਸ਼ਾਇਰ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ।


## ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਉੱਪਰ "ਕੌਮਾਂਤਰੀ ਪੰਜਾਬੀ ਕਾਫ਼ਲਾ,ਇਟਲੀ " ਵੱਲੋਂ ਕਰਵਾਇਆ ਗਿਆ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਚੰਡੀਗੜ੍ਹ 4 ਅਕਤੂਬਰ : ਬੀਤੀ ਦਿਨੀਂ ਕੌਮਾਂਤਰੀ ਪੰਜਾਬੀ ਕਾਫ਼ਲਾ, ਇਟਲੀ ਵੱਲੋਂ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਦੇ ਨਾਲ ਹੋਰਨਾਂ ਮੁਲਕਾਂ ਦੇ ਕਵੀ ਅਤੇ ਕਵਿਤਰੀਆਂ ਨੇ ਵਧ ਚੜ੍ਹਕੇ ਹਿੱਸਾ ਲਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਸਰਪ੍ਰਸਤ ਬਿੰਦਰ ਕੋਲੀਆਂ ਵਾਲ ਨੇ ਆਪਣੇ ਇੱਕ ਸ਼ੇਅਰ

"ਜੀ ਆਇਆਂ ਨੂੰ ਹਾਂ ਆਖਦਾ, ਹੋਇਆ ਰੱਬੀ ਰੂਹਾਂ ਦੇ ਨਾਲ ਮੇਲ!
ਸੁਰ ਤਾਲ ਤੇ ਕਲਮ ਦਾ ਹੋਇਆ, ਕਾਫ਼ਲੇ ਵਿੱਚ ਵੱਖਰਾ ਸੁਮੇਲ!
ਕੋਈ ਧਰਮ ਨਹੀਂ, ਕੋਈ ਜਾਤ ਨਹੀਂ, ਨਾ ਹੀ ਕੋਈ ਉਚ ਨੀਚਤਾ,
ਐਨੀ ਦੂਰ ਬੈਠੇ ਫਿਰ ਵੀ ਮਿਲ ਗਏ, ਸਭ ਹੈ ਮੁਕੱਦਰਾਂ ਦਾ ਖੇਲ"



ਨਾਲ ਕਰਦਿਆਂ ਮੰਚ ਦੀ ਜ਼ਿੰਮੇਵਾਰੀ ਮੋਤੀ ਸ਼ਾਇਰ ਪੰਜਾਬੀ (ਮੋਹਨ ਸਿੰਘ ਮੋਤੀ) ਜੀ ਨੂੰ ਸੌਂਪੀ । ਉਹਨਾਂ ਨੇ ਸਭ ਤੋਂ ਪਹਿਲਾ ਸੱਦਾ ਗ਼ਜ਼ਲਗੋ ਅਤਵਾਰ ਸਿੰਘ ਮਾਨ ਜੀ ਨੂੰ ਦਿੱਤਾ। ਉਹਨਾਂ ਨੇ ਬਹੁਤ ਹੀ ਖੂਬਸੂਰਤ ਅੰਦਾਜ਼ ਵਿੱਚ ਆਪਣੀ ਗ਼ਜ਼ਲ "ਆਪਣੀ ਜੇ ਉੱਲਝਣ ਵਿੱਚ ਪਿਆ ਹੈਂ ਤਾਂ, ਸਮੇਂ 'ਤੇ ਫ਼ੈਸਲਾ ਛੱਡ ਦੇ " ਨਾਲ ਹਾਜ਼ਰੀ ਲਵਾਈ ਅਤੇ ਬਾਕੀ ਕਵੀਆਂ ਵੱਲੋਂ ਵਾਹ-ਵਾਹ ਖੱਟੀ। ਅਗਲੇ ਸੱਦੇ ਉੱਪਰ ਰਾਜਸਥਾਨ ਤੋਂ ਅਨੋਖ ਸਿੰਘ ਸਿੱਧੂ ਨੇ ਮਾਂ ਬੋਲੀ ਪ੍ਰਤੀ ਚਿੰਤਾ ਜ਼ਾਹਿਰ ਕਰਦੇ ਹੋਏ "ਮਾਂ ਬੋਲੀ ਰੁਲਦੀ ਫਿਰਦੀ ਹੈ, ਆਪਣੇ ਆਦਰ ਤੇ ਸਤਿਕਾਰ ਲਈ" ਨਾਲ ਆਪਣੀ ਹਾਜ਼ਰੀ ਭਰੀ। ਕਵੀ ਪਰਵਿੰਦਰ ਸਿੰਘ ਹੇਅਰ ਨੇ ਸੰਗੀਤ ਸਮਰਾਟ ਸ਼੍ਰੀ ਚਰਨਜੀਤ ਅਹੂਜਾ ਨੂੰ ਆਪਣੀ ਕਲਮ ਦੇ ਬੋਲਾਂ "ਜੱਗ ਚੱਲੋ ਚਲੀ ਦਾ ਕਾਫ਼ਲਾ" ਨਾਲ ਸ਼ਰਧਾਂਜਲੀ ਭੇਟ ਕੀਤੀ। ਇਸ ਸਮੇਂ ਮੰਚ ਉੱਪਰ ਮੌਜੂਦ ਕਵੀਆਂ ਨੇ ਵੀ ਉਹਨਾਂ ਨੂੰ ਚੇਤੇ ਕੀਤਾ ਅਤੇ ਉਨ੍ਹਾਂ ਦੀ ਬੇਵਕਤ ਮੌਤ ਨਾਲ਼ ਸੰਗੀਤ ਜਗਤ ਵਿੱਚ ਇੱਕ ਵੱਡਾ ਖਲਾਅ ਪੈਦਾ ਹੋਣ ਦੀ ਗੱਲ ਕੀਤੀ । ਮਹੌਲ ਨੂੰ ਤਬਦੀਲ ਕਰਨ ਲਈ ਜਸਵਿੰਦਰ ਕੌਰ ਮਿੰਟੂ ਨੇ ਆਪਣੇ ਸੁਭਾਅ ਮੁਤਾਬਿਕ ਗੱਲ ਹਾਸੇ ਵਿੱਚ ਪਾਉਂਦਿਆਂ ਅਗਲੇ ਸੱਦੇ ਉੱਪਰ "ਆਹ ਬਹਿ ਸਾਡੇ ਕੋਲ ਵੇ ਸੱਜਣਾ,ਦਿਲ ਦੀ ਗੱਠੜੀ ਖੋਲ੍ਹ ਵੇ ਸੱਜਣਾ" ਨਾਲ ਬਹੁਤ ਖੂਬਸੂਰਤ ਹਾਜ਼ਰੀ ਲਵਾਈ। ਮੋਤੀ ਸ਼ਾਇਰ ਪੰਜਾਬੀ ਵੱਲੋਂ ਅਗਲਾ ਸੱਦਾ ਬਿੰਦਰ ਕੋਲੀਆਂ ਵਾਲ ਨੂੰ ਦਿੱਤਾ ਗਿਆ। ਉਹਨਾਂ ਨੇ ਮਾਹੀ ਨਾਲ ਨੋਕ-ਝੋਕ ਦੀ ਗੱਲ ਕਰਦਿਆਂ "ਐਵੇਂ ਮਾਰ ਨਾ ਬਹੁਤੇ ਝੱਲ ਵੇ ਸੱਜਣਾ,ਆਹ ਬਹਿ ਕੱਢੀਏ ਕੋਈ ਹੱਲ ਵੇ ਸੱਜਣਾ " ਨਾਲ ਕਵੀ ਦਰਬਾਰ ਨੂੰ ਅੱਗੇ ਤੋਰਿਆ। ਕਵੀ ਦਰਬਾਰ ਨੂੰ ਸਿਖ਼ਰ ਵੱਲ ਲਿਜਾਂਦਿਆਂ "ਥੋੜ੍ਹਾ ਬੂਰ ਤਾਂ ਕਲ਼ਮਾਂ ' ਤੇ ਰਹਿਣ ਦੇ" ਨਾਲ ਆਪਣੀ ਹਾਜ਼ਰੀ ਭਰਦਿਆਂ ਮੰਗਤ ਖਾਨ ਨੇ ਸਭਨਾਂ ਦੇ ਦਿਲਾਂ ਨੂੰ ਟੁੰਭ ਲਿਆ। ਆਪਣੀ ਸੁਰੀਲੀ ਆਵਾਜ਼ ਵਿੱਚ ਪੰਜਾਬ ਦਾ ਦਰਦ ਬਿਆਨ ਕਰਦਿਆਂ "ਆਪਣੇ ਹਲਾਤ ਹੈ ਪੰਜਾਬ ਦੱਸਦਾ" ਨਾਲ ਬਾਜਵਾ ਸਿੰਘ ਨੇ ਸਭ ਨੂੰ ਸੋਚੀਂ ਪਾ ਦਿੱਤਾ । ਪੰਜਾਬ ਦੇ ਦਰਦ ਨੂੰ ਮਹਿਸੂਸ ਕਰਦਿਆਂ ਜਦੋਂ ਗੱਲ ਅੱਗੇ ਤੁਰੀ ਤਾਂ " ਉੱਠੋ ਜਾਗੋ ਪੰਜਾਬ ਮੇਰੇ ਦੇ ਲੋਕੋ ਪੰਜਾਬ ਨੂੰ ਬਚਾ ਲਵੋ " ਨਾਲ ਸਰਬਜੀਤ ਸਿੰਘ ਜਰਮਨੀ ਨੇ ਦਰਦ ਨੂੰ ਹੋਰ ਗਹਿਰਾ ਕਰ ਦਿੱਤਾ। ਆਪਣੀ ਕਲਮ ਰਾਹੀਂ ਕਲਯੁੱਗ ਵਿੱਚ ਪ੍ਰਮਾਤਮਾ ਦੀ ਗੱਲ ਕਰਦਿਆਂ "ਪਾਪ ਦੇਖ ਧਰਤੀ ' ਤੇ ਰੱਬ ਵੀ ਰੋਈ ਜਾਂਦਾ ਏ" ਨਾਲ ਲਾਡੀ ਝੋਕ ਵਾਲਾ ਨੇ ਕਰਾਰੀ ਚੋਟ ਕੀਤੀ। ਇਸ ਮੌਕੇ ਸ਼ਹੀਦ ਭਗਤ ਸਿੰਘ ਜੀ ਦੇ ਜਨਮ ਦਿਨ ਉੱਪਰ ਉਹਨਾਂ ਨੂੰ ਸ਼ਰਧਾਂਜਲੀ ਦਿੰਦਿਆਂ "ਆਓ-ਆਓ ਭੈਣੇ ਰਲ਼ ਗਾਓ ਨੀ ਘੋੜੀਆਂ, ਜੰਞ ਤੇ ਹੋਈ ਤਿਆਰ ਹਾ " ਨਾਲ਼ ਸੋਹਣ ਸਿੰਘ ਸੁਨੀਲਾ ਨੇ ਆਪਣੀ ਪ੍ਰਭਾਵਸ਼ਾਲੀ ਹਾਜ਼ਰੀ ਲਵਾਈ। ਟਰੱਕ ਵੀਰਾਂ ਦੀ ਜ਼ਿੰਦਗੀ ਨੂੰ ਨੇੜਿਓਂ ਦੇਖਦੇ ਹੋਏ ਗੁਰਮੀਤ ਸਿੰਘ ਮੱਲ੍ਹੀ ਨੇ "ਕੀਤੀ ਮਿਹਨਤ ਰੰਗ ਲਿਆਉਂਦੀ ਏ,ਤਾਂਹੀਂਓਂ ਡਾਲਰਾਂ ਦਾ ਮੀਂਹ ਵਰਦਾ ਏ" ਨਾਲ ਉਹਨਾਂ ਦੀ ਸਖ਼ਤ ਮਿਹਨਤ ਦੀ ਗੱਲ ਕੀਤੀ। ਔਰਤ ਦੀ ਗੱਲ ਕਰਦਿਆਂ "ਕੀ ਹੋਇਆ ਜੇ ਧੀ ਜੰਮ ਪਈ ਕੁੱਖ ਤਾਂ ਸਲੱਖਣੀ ਹੋਈ" ਨਾਲ ਸਰਦੂਲ ਸਿੰਘ ਭੱਲਾ ਨੇ ਔਲਾਦ ਦੀ ਅਹਿਮੀਅਤ ਦੀ ਗੱਲ ਕੀਤੀ। ਲਹਿੰਦੇ ਪੰਜਾਬ ਤੋਂ ਸ਼ਾਮਲ ਹੋਏ ਕਵੀ ਅਮਾਨਤ ਅਲੀ ਨੇ ਬੁਹਤ ਹੀ ਖੂਬਸੂਰਤ ਅੰਦਾਜ਼ ਵਿੱਚ "ਬਾਪ ਜਿਹਾ ਨਾ ਡਿੱਠਾ ਫੁੱਲ ਜੱਗ ਉੱਤੇ" ਨਾਲ਼ ਬਾਪੂ ਦੀ ਸਿਫ਼ਤ ਬਿਆਨ ਕੀਤੀ। ਜੋੜੀ ਦੇ ਰੂਪ ਵਿੱਚ ਕਵੀਸ਼ਰੀ ਦਾ ਰੰਗ ਪੇਸ਼ ਕਰਦਿਆਂ "ਕਵੀਆਂ ਦੀ ਵੰਦਨਾ ਹੈ ਜੀ ਤ੍ਰਿਪਤਾ ਦੇ ਲਾਲ ਨੂੰ" ਵਿੱਚ ਜਸਵਿੰਦਰ ਸਿੰਘ ਢਿੱਲੋਂ ਅਤੇ ਬਲਬੀਰ ਸਿੰਘ ਬੇਲੀ ਨੇ ਵੱਖਰਾ ਹੀ ਰੰਗ ਬੰਨ੍ਹਿਆ। ਮੋਤੀ ਸ਼ਾਇਰ ਪੰਜਾਬੀ ਨੇ ਹਰਮਨਜੀਤ ਦੀ ਰਚਨਾ "ਨੀਂਦ ਵੇ ਅਸਾਡੜੀ ਦੇ ਨੈਣਾਂ ਵਿੱਚ ਤਾਰਿਆ, ਤੂੰ ਪਾ ਜਾ ਇੱਕ ਸੁਪਨ ਸਲਾਈ ਵੇ "ਤਰੰਨੁਮ ਵਿੱਚ ਪੇਸ਼ ਕਰਕੇ ਆਪਣੀ ਦਮਦਾਰ ਹਾਜ਼ਰੀ ਲਵਾਈ। ਪ੍ਰੋਗਰਾਮ ਦੇ ਅੰਤਿਮ ਪੜਾਅ ਵਿੱਚ ਕਵੀਸ਼ਰੀ ਦੇ ਰੂਪ ਵਿੱਚ ਸ਼ਹੀਦ ਭਗਤ ਸਿੰਘ ਜੀ ਨੂੰ "ਭਗਤ ਸਿੰਘ ਨੂੰ ਜਨਮ ਦੀਆਂ ਹੋਣ ਵਧਾਈਆਂ " ਨਾਲ ਬਲਬੀਰ ਸਿੰਘ ਬੇਲੀ ਅਤੇ ਜਸਵਿੰਦਰ ਸਿੰਘ ਢਿੱਲੋਂ ਨੇ ਰੌਣਕਾਂ ਲਾ ਦਿੱਤੀਆਂ। ਕਵੀ ਦਰਬਾਰ ਵਿੱਚ ਸ਼ਾਮਲ ਕਵੀਆਂ,ਕਵਿਤਰੀਆਂ ਦਾ ਧੰਨਵਾਦ ਗੁਰਮੀਤ ਸਿੰਘ ਮੱਲ੍ਹੀ ਵੱਲੋਂ ਕੀਤਾ ਗਿਆ। ਲਾਈਵ ਚੱਲਦੇ ਕਵੀ ਦਰਬਾਰ ਵਿੱਚ ਸਰੋਤਿਆਂ ਵੱਲੋਂ ਵੀ ਆਪਣੀਆਂ ਖੂਬਸੂਰਤ ਟਿੱਪਣੀਆਂ ਰਾਹੀਂ ਕਵੀਆਂ ਦੀ ਹੌਂਸਲਾ ਅਫ਼ਜ਼ਾਈ ਕੀਤੀ ਗਈ।

## ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ 69ਵੀਂ ਜ਼ਿਲ੍ਹਾ ਸਕੂਲ ਟੂਰਨਾਮੈਂਟ ਵਿੱਚ ਬੇਮਿਸਾਲ ਪ੍ਰਦਰਸ਼ਨ ਕੀਤਾ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ 4 ਅਕਤੂਬਰ : ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ 69ਵੀਂ ਜ਼ਿਲ੍ਹਾ ਸਕੂਲ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਪੂਰੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਵੱਖ-ਵੱਖ 10 ਜ਼ੋਨਾਂ ਦੇ ਸਕੂਲਾਂ ਨੇ ਹਿੱਸਾ ਲਿਆ। ਬੱਚਿਆਂ ਨੇ ਜ਼ੋਨ ਮਚਾਕੀ ਮੱਲ ਸਿੰਘ ਦੇ ਅਧੀਨ ਹਿੱਸਾ ਲਿਆ ਅਤੇ ਕਈ ਖੇਡਾਂ ਵਿੱਚ ਮੈਡਲ ਹਾਸਿਲ ਕਰਕੇ ਸਕੂਲ ਦਾ ਮਾਣ ਵਧਾਇਆ। ਫ਼ਖਰਯੋਗ ਹੈ ਕਿ ਕੁੱਲ 65 ਵਿਦਿਆਰਥੀਆਂ ਨੇ ਸੂਬਾ ਪੱਧਰ ਤੇ ਆਪਣੀ ਜਗ੍ਹਾਂ ਪੱਕੀ ਕੀਤੀ, ਜੋ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦਾ ਸਬੂਤ ਹੈ। ਰਾਈਫ਼ਲ ਸ਼ੂਟਿੰਗ ਵਿੱਚ ਕੁੜੀਆਂ ਨੇ ਸ਼੍ਰੀ ਪ੍ਰਭਾ, ਸੁਖਮਨਜੀਤ ਕੌਰ, ਏਕਮਵੀਰ ਕੌਰ ਅਤੇ ਨਵਪ੍ਰੀਤ ਕੌਰ ਨੇ ਸੋਨੇ ਦੇ ਤਗਮੇ, ਏਕਮ ਸੰਧੂ ਅਤੇ ਤਨਵੀਰ ਕੌਰ ਨੇ ਚਾਂਦੀ ਅਤੇ ਐਲਵੀਰ ਕੌਰ, ਅੰਕਿਤਾ ਅਤੇ ਜਸਮੀਨ ਕੌਰ ਨੇ ਕਾਂਸੀ ਤਗਮਾ ਜਿੱਤਿਆ। ਮੁੰਡਿਆਂ ਵਿੱਚ ਗੋਪੇਸ਼ ਕੁਮਾਰ ਨੇ ਸੋਨੇ ਦਾ, ਸ਼ੇਰਵੀਰ ਸਿੰਘ, ਕੰਵਰਜੋਤ ਸਿੰਘ ਅਤੇ ਅਰਮਾਨਪ੍ਰੀਤ ਸਿੰਘ ਨੇ ਚਾਂਦੀ ਅਤੇ ਅਰਮਾਨ ਸੇਖੋਂ ਅਤੇ ਹਰਪ੍ਰੀਤ ਸਿੰਘ ਨੇ ਕਾਂਸੀ ਤਗਮਾ ਹਾਸਿਲ ਕਰਕੇ ਸੂਬਾ ਪੱਧਰ ਤੇ ਆਪਣੀ ਥਾਂ ਬਣਾਈ। ਰੈਸਲਿੰਗ ਵਿੱਚ ਪਾਰਥ, ਮਨਤਾਰ ਸਿੰਘ, ਅਰਸ਼ਪ੍ਰੀਤ ਸਿੰਘ, ਹਰਅੰਸ਼ਪ੍ਰੀਤ ਸਿੰਘ ਅਤੇ ਹਰਨੂਰ ਸਿੰਘ ਨੇ ਸੋਨ ਤਗਮਾ ਜਿੱਤਿਆ। ਸਕੇਟਿੰਗ ਵਿੱਚ ਮਨਿੰਦਰ ਸਿੰਘ ਨੇ ਸੋਨ ਅਤੇ ਯਸ਼ਦੀਪ ਸਿੰਘ ਤੇ ਗੁਰਨੂਰ ਸਿੰਘ ਨੇ ਚਾਂਦੀ ਜਦਕਿ ਪ੍ਰਣਵ ਨੇ ਕਾਂਸੀ ਤਗਮਾ ਜਿੱਤਿਆ। ਪਾਵਰਲਿਫਟਿੰਗ ਵਿੱਚ ਇੰਦਰਪ੍ਰੀਤ ਸਿੰਘ ਨੇ ਸੋਨ ਅਤੇ ਖੁਸ਼ਪ੍ਰੀਤ ਸਿੰਘ ਨੇ ਚਾਂਦੀ ਤਗਮਾ ਜਿੱਤ ਕੇ ਸੂਬਾ ਪੱਧਰ ਲਈ ਚੁਣੇ ਗਏ। ਖੋ-ਖੋ (U-19) ਕੁੜੀਆਂ ਨੇ ਸੋਨ ਤਗਮਾ ਅਤੇ ਮੁੰਡਿਆਂ ਨੇ ਕਾਂਸੀ ਤਗਮਾ, ਵਾਲੀਬਾਲ (U-19) ਮੁੰਡਿਆਂ ਨੇ ਸੋਨ ਤਗਮਾ , ਬੀਚਵਾਲੀਬਾਲ ਵਿੱਚ ਮੁੰਡਿਆਂ ਨੇ ਚਾਂਦੀ ਤਗਮੇ ਜਿੱਤੇ। ਟੱਗ-ਆਫ਼-ਵਾਰ ਅਤੇ ਹੈਂਡਬਾਲ (U-19) ਕੁੜੀਆਂ ਨੇ ਕਾਂਸੀ, ਬੇਸਬਾਲ, ਫੁੱਟਬਾਲ, ਵਾਲੀਬਾਲ ਅਤੇ ਬੈਡਮਿੰਟਨ ਵਿੱਚ ਵੀ ਵਿਦਿਆਰਥੀਆਂ ਨੇ ਚਾਂਦੀ ਅਤੇ ਕਾਂਸੀ ਦੇ ਤਗਮੇ ਜਿੱਤੇ। ਫਲਸਰੂਪ ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਖੇਡ ਕਲਾ ਵਿੱਚ ਬਾਕਮਾਲ ਪ੍ਰਦਰਸ਼ਨ ਦੇ ਨਤੀਜੇ ਹਿੱਤ ਓਵਰਆਲ 268 ਦੇ ਕਰੀਬ ਮੈਡਲ ਹਾਸਲ ਕਰਨਾ ਇਕ ਲਸਾਨੀ ਪ੍ਰਾਪਤੀ ਹੈ । ਇਸ ਪ੍ਰਾਪਤੀ ਦੇ ਵੇਰਵਾ ਨਤੀਜੇ ਇਸ ਪ੍ਰਕਾਰ ਹੈ : 39 ਸੋਨ , 114 ਚਾਂਦੀ, 115 ਕਾਂਸੀ ਤਗਮੇ ਜਿੱਤ ਕੇ ਜਿਲ੍ਹੇ ਵਿੱਚ ਨਾਮਣਾ ਖੱਟਿਆ। ਇਸ ਉਪਰੰਤ ਕਾ: ਪ੍ਰਿੰਸੀਪਲ ਸੁਖਦੀਪ ਕੌਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਿਹਨਤ ਲਈ ਵਧਾਈ ਦਿੱਤੀ ਅਤੇ ਕਿਹਾ, "ਇਹ ਉਪਲਬਧੀਆਂ ਸਕੂਲ ਅਤੇ ਖਿਡਾਰੀਆਂ ਲਈ ਮਾਣਮੱਤੀਆਂ ਪ੍ਰਾਪਤੀਆਂ ਹਨ ਅਤੇ ਸੂਬਾ ਪੱਧਰ ਦੇ ਮੁਕਾਬਲਿਆਂ ਲਈ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਕਾ:ਵਾਈਸ ਪ੍ਰਿੰਸੀਪਲ ਹਰਸਿਮਰਨ ਕੌਰ ਨੇ ਵੀ ਕਿਹਾ, "ਵਿਦਿਆਰਥੀਆਂ ਨੇ ਖੇਡ,ਸੱਭਿਆਚਾਰ ਅਤੇ ਉਤਸ਼ਾਹ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅਧਿਆਪਕਾਂ ਅਤੇ ਕੋਚਾਂ ਦੀ ਮਿਹਨਤ ਇਸ ਸਫਲਤਾ ਦੇ ਪਿੱਛੇ ਸਾਫ਼ ਨਜ਼ਰ ਆ ਰਹੀ ਹੈ।" ਬਾਬਾ ਫ਼ਰੀਦ ਪਬਲਿਕ ਸਕੂਲ ਦੀ ਸਮੁੱਚੀ ਮੈਨੇਜਮੈਂਟ ਵੱਲੋਂ ਸਾਰੇ ਜੇਤੂ ਖਿਡਾਰੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਹਾਰਦਿਕ ਵਧਾਈਆਂ ਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ।

# ਏਅਰ ਕੰਡੀਸ਼ਨਰਾਂ ਦੇ ਵਾਤਾਵਰਨ ਅਤੇ ਮਨੁੱਖੀ ਸਿਹਤ 'ਤੇ ਪ੍ਰਭਾਵ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਗਲੋਬਲ ਵਾਰਮਿੰਗ ਨੇ ਧਰਤੀ ਦੇ ਤਾਪਮਾਨ ਵਿੱਚ ਵਾਧਾ ਕੀਤਾ ਹੈ। ਇਸ ਤਾਪਮਾਨ ਦੇ ਤੇਜ਼ੀ ਨਾਲ ਉੱਪਰ ਚੜ੍ਹਨ ਦੇ ਪ੍ਰਭਾਵ ਨੇ ਏਅਰ ਕੰਡੀਸ਼ਨਿੰਗ ਪ੍ਰਣਾਲੀਆਂ ਨੂੰ ਘਰਾਂ, ਦਫਤਰਾਂ ਅਤੇ ਜਨਤਕ ਸਥਾਨਾਂ ਲਈ ਆਰਾਮ ਬਣਾਉਣ 'ਤੇ ਮਜਬੂਰ ਕੀਤਾ ਹੈ। ਹਾਲਾਂਕਿ ਇਹ ਠੰਡੇ ਕਰਨ ਵਾਲੇ ਪ੍ਰਣਾਲੀਆਂ ਤਾਪਮਾਨ ਦੀਆਂ ਉੱਚਾਈਆਂ ਤੋਂ ਰਾਹਤ ਪ੍ਰਦਾਨ ਕਰਨ ਵਿੱਚ ਕਾਫੀ ਸਫ਼ਲ ਹਨ ਪਰ ਇਸ ਦੇ ਨਾਲ ਹੀ ਵਾਤਾਵਰਨ 'ਤੇ ਮਹੱਤਵਪੂਰਣ ਮਾਰੂ ਪ੍ਰਭਾਵ ਵੀ ਹੁੰਦੇ ਹਨ। ਏਅਰ ਕੰਡੀਸ਼ਨਰਾਂ ਦੇ ਵਾਤਾਵਰਨ ਅਤੇ ਮਨੁੱਖੀ ਸਿਹਤ 'ਤੇ ਦੂਹਰੇ ਪ੍ਰਭਾਵਾਂ ਦੀ ਚਰਚਾ ਹੁਣ ਵਿਗਿਆਨੀਆਂ ਅਤੇ ਵਾਤਾਵਰਨ ਪ੍ਰੇਮੀਆਂ ਦਾ ਧਿਆਨ ਖਿੱਚ ਰਹੀ ਹੈ।



ਏਅਰ ਕੰਡੀਸ਼ਨਰਾਂ ਦਾ ਵਾਤਾਵਰਨ 'ਤੇ ਪ੍ਰਭਾਵ

ਏਅਰ ਕੰਡੀਸ਼ਨਰ ਦੁਨੀਆ ਭਰ ਵਿੱਚ ਬਹੁਤ ਸਾਰੀ ਊਰਜਾ ਦੀ ਖ਼ਪਤ ਕਰ ਰਹੇ ਹਨ ਅਤੇ ਊਰਜਾ ਦੀ ਮੰਗ ਹਰ ਰੋਜ਼ ਵੱਧ ਰਹੀ ਹੈ। ਇਸ ਵੱਧਦੀ ਮੰਗ ਕਾਰਨ ਬਿਜਲੀ ਦੀ ਉਤਪਾਦਨ ਵਿੱਚ ਵਾਧਾ ਆਮ ਤੌਰ 'ਤੇ ਵੱਧ ਗ੍ਰੀਨਹਾਉਸ ਗੈਸਾਂ ਦੇ ਉਤਸਰਜਨ ਦਾ ਕਾਰਨ ਬਣਦਾ ਹੈ, ਖਾਸ ਕਰਕੇ ਉਹਨਾਂ ਖੇਤਰਾਂ ਵਿੱਚ ਜਿੱਥੇ ਫੋਸਿਲ ਫਿਊਲ ਮੁੱਖ ਊਰਜਾ ਸਰੋਤ ਹਨ।

ਐਸਪੀ ਸਿੰਘ, ਵਿਗਿਆਨ ਅਧਿਆਪਕ ਅਤੇ ਖੋਜਕਰਤਾਂ ਦੇ ਅਨੁਸਾਰ ਏਅਰ ਕੰਡੀਸ਼ਨਿੰਗ ਪ੍ਰਣਾਲੀਆਂ ਨੂੰ ਚਾਲੂ ਕਰਨ ਲਈ ਲੋੜੀਂਦੀ ਬਿਜਲੀ ਕਾਰਬਨ ਡਾਈਆਕਸਾਈਡ ਅਤੇ ਹੋਰ ਨੁਕਸਾਨਦਾਇਕ ਗੈਸਾਂ ਦੇ ਉਤਸਰਜਨ ਵਿੱਚ ਵੱਡਾ ਯੋਗਦਾਨ ਪਾਉਂਦੀ ਹੈ ਜੋ ਗਲੋਬਲ ਵਾਰਮਿੰਗ ਵਿੱਚ ਯੋਗਦਾਨ ਪਾਉਂਦੀ ਹੈ। ਜਿਵੇਂ ਜਿਵੇਂ ਬਹੁਤ ਸਾਰੇ ਲੋਕ ਉੱਚ ਤਾਪਮਾਨ ਨਾਲ ਨਜਿੱਠਣ ਲਈ ਏਅਰ ਕੰਡੀਸ਼ਨਰਾਂ ਦੀ ਵਰਤੋਂ ਕਰਨ ਲੱਗੇ ਹਨ, ਇਹ ਉਮੀਦ ਕੀਤੀ ਜਾ ਰਹੀ ਹੈ ਕਿ ਏਅਰ ਕੰਡੀਸ਼ਨਰਾਂ ਦੀ ਵੱਧਦੀ ਸੰਖਿਆ ਨਾਲ ਗ੍ਰੀਨਹਾਉਸ ਗੈਸਾਂ ਦੇ ਉਤਸਰਜਨ ਵਿੱਚ ਵੀ ਵਾਧਾ ਹੋਵੇਗਾ, ਜੋ ਕਿ ਜਲਵਾਯੂ ਬਦਲਾਅ ਨੂੰ ਹੋਰ ਮਾੜਾ ਬਣਾਏਗਾ।

ਉਨ੍ਹਾਂ ਦੀ ਊਰਜਾ ਖਪਤ ਦੇ ਇਲਾਵਾ ਏਅਰ ਕੰਡੀਸ਼ਨਰ ਸਿੱਧੇ ਤੌਰ 'ਤੇ ਹਵਾ ਵਿੱਚ ਹਾਈਡ੍ਰੋ ਫਲੋਰੋ ਕਾਰਬਨ (HFCs) ਦੇ ਛੱਡਣ ਨਾਲ ਵਾਤਾਵਰਨ 'ਤੇ ਮਾਰੂ ਪ੍ਰਭਾਵ ਪਾਉਂਦੇ ਹਨ। ਇਹ ਰਸਾਇਣ ਜੋ ਠੰਡਕ ਪ੍ਰਣਾਲੀਆਂ ਵਿੱਚ ਰਿਫ੍ਰਿਜਰੇਟੈਂਟ ਵਜੋਂ ਵਰਤੇ ਜਾਂਦੇ ਹਨ, ਬਹੁਤ ਹੀ ਸ਼ਕਤੀਸ਼ਾਲੀ ਗ੍ਰੀਨਹਾਉਸ ਗੈਸਾਂ ਹਨ—ਇਹ ਕਾਰਬਨ ਡਾਈਆਕਸਾਈਡ ਨਾਲੋਂ 1,430 ਗੁਣਾ ਜ਼ਿਆਦਾ ਪ੍ਰਭਾਵਸ਼ਾਲੀ ਹਨ। ਜੇਕਰ ਏਅਰ ਕੰਡੀਸ਼ਨਰਾਂ ਦੀ ਸੰਖਿਆ ਵਿੱਚ ਵਾਧਾ ਜਾਰੀ ਰਹਿੰਦਾ ਹੈ ਤਾਂ ਇਹ ਉਮੀਦ ਕੀਤੀ ਜਾ ਰਹੀ ਹੈ ਕਿ ਤਾਪਮਾਨ ਵਿੱਚ ਹੋਰ 0.5 ਡਿਗਰੀ ਸੈਲਸੀਅਸ ਦਾ ਵਾਧਾ ਹੋਵੇਗਾ। ਇਸਦਾ ਮਨੁੱਖੀ ਸਿਹਤ ਅਤੇ ਪਰਿਵਾਰਿਕ ਸਿਸਟਮਾਂ 'ਤੇ ਭਾਰੀ ਪ੍ਰਭਾਵ ਪੈ ਸਕਦਾ ਹੈ, ਜਿਸ ਨਾਲ ਹੋਰ ਅਕਸਰ ਅਤੇ ਗੰਭੀਰ ਤਾਪਮਾਨ ਦੀਆਂ ਲਹਿਰਾਂ, ਸੋਕੇ ਅਤੇ ਹੋਰ ਜਲਵਾਯੂ ਸੰਬੰਧੀ ਆਫਤਾਂ ਪੈਦਾ ਹੋਣਗੀਆਂ।

ਏਅਰ ਕੰਡੀਸ਼ਨਰਾਂ ਦਾ ਮਨੁੱਖੀ ਸਿਹਤ 'ਤੇ ਪ੍ਰਭਾਵ

ਏਅਰ ਕੰਡੀਸ਼ਨਰ (AC) ਪ੍ਰਣਾਲੀਆਂ ਦੇ ਮਨੁੱਖੀ ਸਿਹਤ 'ਤੇ ਵੱਖ-ਵੱਖ ਪ੍ਰਭਾਵ ਹੋ ਸਕਦੇ ਹਨ, ਇਹ ਪ੍ਰਭਾਵ ਸਕਾਰਾਤਮਕ ਅਤੇ ਨਕਾਰਾਤਮਕ ਰੂਪ ਵਿੱਚ ਦਿਖਾਈ ਦੇ ਸਕਦੇ ਹਨ।

ਸਕਾਰਾਤਮਕ ਪ੍ਰਭਾਵ

ਤਾਪ ਸਟ੍ਰੋਕ ਦੀ ਰੋਕਥਾਮ:
ਏਅਰ ਕੰਡੀਸ਼ਨਰ ਪ੍ਰਣਾਲੀਆਂ ਤਾਪ ਨਾਲ ਸੰਬੰਧਤ ਬਿਮਾਰੀਆਂ ਜਿਵੇਂ ਕਿ ਤਾਪ ਥਕਾਵਟ ਅਤੇ ਤਾਪ ਸਟ੍ਰੋਕ ਤੋਂ ਬਚਾਅ ਵਿੱਚ ਮਦਦ ਕਰਦੀਆਂ ਹਨ ਖਾਸ ਕਰਕੇ ਉਹਨਾਂ ਲੋਕਾਂ ਲਈ ਜੋ ਜ਼ਿਆਦਾ ਸੰਵੇਦਨਸ਼ੀਲ ਹਨ ਜਿਵੇਂ ਕਿ ਬੁਜ਼ੁਰਗ, ਬੱਚੇ ਅਤੇ ਉਹ ਲੋਕ ਜਿਨ੍ਹਾਂ ਨੂੰ ਪਹਿਲਾਂ ਤੋਂ ਕੋਈ ਸਿਹਤ ਸੰਬੰਧੀ ਸਮੱਸਿਆ ਹੈ।
ਹਵਾ ਦੀ ਗੁਣਵੱਤਾ ਵਿੱਚ ਸੁਧਾਰ:
ਬਹੁਤ ਸਾਰੀਆਂ ਆਧੁਨਿਕ ਏਅਰ ਕੰਡੀਸ਼ਨਰ ਪ੍ਰਣਾਲੀਆਂ ਵਿੱਚ ਫਿਲਟਰ ਹੁੰਦੇ ਹਨ ਜੋ ਹਵਾ ਵਿੱਚ ਮੌਜੂਦ ਪ੍ਰਦੂਸ਼ਕ, ਐਲਰਜਨ ਅਤੇ ਕਣਾਂ ਨੂੰ ਹਟਾਉਂਦੇ ਹਨ। ਇਹ ਰੋਗੀਆਂ ਲਈ ਲਾਭਦਾਇਕ ਹੋ ਸਕਦਾ ਹੈ ਖਾਸ ਕਰਕੇ ਉਹਨਾਂ ਦੇ ਲਈ ਜਿਨ੍ਹਾਂ ਨੂੰ ਸਾਹ ਦੀਆਂ ਸਮੱਸਿਆਵਾਂ ਜਿਵੇਂ ਕਿ ਅਸਥਮਾ ਜਾਂ ਐਲਰਜੀ ਹੈ, ਕਿਉਂਕਿ ਸੁੱਧਰੀ ਹਵਾ ਉਪਰੋਕਤ ਬਿਮਾਰੀਆਂ ਦੇ ਲੱਛਣਾਂ ਨੂੰ ਘਟਾ ਸਕਦੀ ਹੈ ਅਤੇ ਕੁੱਲ ਮਿਲਾਕੇ ਸਾਹ ਦੀ ਸਿਹਤ ਵਿੱਚ ਸੁਧਾਰ ਕਰ ਸਕਦੀ ਹੈ।
ਨੀਂਦ ਦੀ ਗੁਣਵੱਤਾ ਵਿੱਚ ਸੁਧਾਰ:
ਠੰਡਕ ਦਾ ਮਾਹੌਲ ਨੀਂਦ ਨਾਲ ਸੰਬੰਧਿਤ ਸਮੱਸਿਆਵਾਂ ਵਾਲੇ ਲੋਕਾਂ ਲਈ ਨੀਂਦ ਦੀ ਗੁਣਵੱਤਾ ਨੂੰ ਸੁਧਾਰ ਸਕਦਾ ਹੈ। ਏਅਰ ਕੰਡੀਸ਼ਨਰ ਪ੍ਰਣਾਲੀਆਂ ਐਸੇ ਲੋਕਾਂ ਲਈ ਵਧੀਆ ਆਰਾਮ ਪ੍ਰਦਾਨ ਕਰਨ ਅਤੇ ਰਾਤ ਦੇ ਸਮੇਂ ਜਾਗਣ ਦੀਆਂ ਘਟਨਾਵਾਂ ਨੂੰ ਘਟਾਉਂਦੀਆਂ ਹਨ।
ਨਕਾਰਾਤਮਕ ਪ੍ਰਭਾਵ

ਸਾਹ ਦੀਆਂ ਸਮੱਸਿਆਵਾਂ:
ਖਰਾਬ ਤਰੀਕੇ ਨਾਲ ਸੰਭਾਲੀਆਂ ਗਈਆਂ ਏਅਰ ਕੰਡੀਸ਼ਨਰ ਪ੍ਰਣਾਲੀਆਂ ਫਫੂੰਦ, ਜੀਵਾਣੂ ਅਤੇ ਸੂਖਮ ਜੀਵਾਂ ਲਈ ਉੱਚੇ ਪੈਮਾਨੇ 'ਤੇ ਬਣਨ ਦੇ ਸਥਾਨ ਬਣ ਸਕਦੀਆਂ ਹਨ। ਜਦੋਂ ਇਹ ਪ੍ਰਦੂਸ਼ਕ ਹਵਾ ਵਿੱਚ ਫੈਲਦੇ ਹਨ, ਤਾਂ ਇਹ ਸਾਹ ਦੀਆਂ ਸਮੱਸਿਆਵਾਂ ਅਤੇ ਐਲਰਜੀ ਨੂੰ ਵੱਧਾ ਸਕਦੇ ਹਨ। ਅਸਥਮਾ ਜਾਂ ਹੋਰ ਫੇਫੜਿਆਂ ਦੀਆਂ ਸਮੱਸਿਆਵਾਂ ਵਾਲੇ ਲੋਕ ਪ੍ਰਦੂਸ਼ਿਤ ਏਅਰ ਕੰਡੀਸ਼ਨਰ ਪ੍ਰਣਾਲੀਆਂ ਵਾਲੇ ਮਾਹੌਲ ਵਿੱਚ ਰੋਗ ਦੇ ਲੱਛਣਾਂ ਦੇ ਵੱਧਣ ਦਾ ਅਨੁਭਵ ਕਰ ਸਕਦੇ ਹਨ।
ਸੁੱਕੀ ਚਮੜੀ ਅਤੇ ਅੱਖਾਂ:
ਏਅਰ ਕੰਡੀਸ਼ਨਰ ਘਰੇਲੂ ਹਵਾ ਵਿੱਚ ਨਮੀ ਪੈਦਾ ਕਰ ਸਕਦੇ ਹਨ, ਜਿਸ ਨਾਲ ਸੁੱਕੀ ਚਮੜੀ, ਅੱਖਾਂ ਅਤੇ ਮਿਊਕਸ ਮੇਂਬਰਾਨ ਹੁੰਦੇ ਹਨ। ਇਹ ਸੁੱਕਾਪਣ ਅਣਸੁਖਾਵੀਂ ਤਕਲੀਫ ਦਿੰਦਾ ਹੈ ਅਤੇ ਸਾਹ ਦੀਆਂ ਸੰਕ੍ਰਮਣਾਂ ਦੇ ਖ਼ਤਰੇ ਨੂੰ ਵੱਧਾਉਂਦਾ ਹੈ ਕਿਉਂਕਿ ਸਰੀਰ ਦੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ ਵਾਲੀਆਂ ਕੁਦਰਤੀ ਪ੍ਰਣਾਲੀਆਂ ਘੱਟ ਪ੍ਰਭਾਵਸ਼ਾਲੀ ਹੋ ਜਾਂਦੀਆਂ ਹਨ।
ਬਿਮਾਰੀਆਂ ਦੇ ਮੁੱਖ ਕਾਰਨ:
ਬੰਦ ਮਾਹੌਲਾਂ ਵਿੱਚ ਜਿੱਥੇ ਏਅਰ ਕੰਡੀਸ਼ਨਰ ਵਰਤੇ ਜਾਂਦੇ ਹਨ, ਉਥੇ ਪੈਥੋਜੈਨਜ਼ ਆਸਾਨੀ ਨਾਲ ਵਸਨੀਕਾਂ ਵਿਚ ਫੈਲ ਜਾਂਦੇ ਹਨ। ਇਹ ਬਿਮਾਰੀਆਂ ਦੇ ਫੈਲਾਅ ਨੂੰ ਸੁਖਾਲਾ ਬਣਾਉਂਦੇ ਹਨ, ਖਾਸ ਕਰਕੇ ਭੀੜ ਭਾੜ ਵਾਲੇ ਸਥਾਨਾਂ ਜਿਵੇਂ ਕਿ ਦਫਤਰ ਜਾਂ ਜਨਤਕ ਯਾਤਰਾ ਦੇ ਸਾਧਨਾਂ ਵਿੱਚ।
ਤਾਪਮਾਨ ਦੀ ਸੰਵੇਦਨਾ:
ਲੰਮੇ ਸਮੇਂ ਤੱਕ ਕ੍ਰਿਤ੍ਰਿਮ ਠੰਡੇ ਮਾਹੌਲਾਂ ਵਿੱਚ ਰਹਿਣ ਨਾਲ "ਤਾਪਮਾਨ ਸੰਵੇਦਨਾ" ਦੀ ਇੱਕ ਕਿਰਿਆ ਉਤਪੰਨ ਹੋ ਸਕਦੀ ਹੈ, ਜਿਸ ਵਿੱਚ ਵਿਅਕਤੀ ਤਾਪਮਾਨ ਦੇ ਬਦਲਾਵਾਂ ਲਈ ਬਹੁਤ ਜ਼ਿਆਦਾ ਸੰਵੇਦਨਸ਼ੀਲ ਹੋ ਜਾਂਦੇ ਹਨ। ਇਸ ਨਾਲ ਬਾਹਰੀ ਗਰਮੀ ਅਤੇ ਅੰਦਰੂਨੀ ਠੰਡ ਵਿੱਚ ਬਦਲਣ 'ਤੇ ਅਸਹਿਜਤਾ ਹੋ ਸਕਦੀ ਹੈ।
ਜਦੋਂ ਕਿ ਏਅਰ ਕੰਡੀਸ਼ਨਰ ਗਰਮੀ ਤੋਂ ਬਚਾਅ ਪ੍ਰਦਾਨ ਕਰਦੇ ਹਨ ਅਤੇ ਠੀਕ ਤਰੀਕੇ ਨਾਲ ਸੰਭਾਲਣ 'ਤੇ ਘਰੇਲੂ ਹਵਾ ਦੀ ਗੁਣਵੱਤਾ ਨੂੰ ਸੁਧਾਰਦੇ ਹਨ, ਪਰ ਇਸਦੇ ਨਕਾਰਾਤਮਕ ਸਿਹਤ ਪ੍ਰਭਾਵਾਂ ਤੋਂ ਵੀ ਸਾਵਧਾਨ ਰਹਿਣਾ ਮਹੱਤਵਪੂਰਨ ਹੈ। ਏਅਰ ਕੰਡੀਸ਼ਨਰ ਪ੍ਰਣਾਲੀਆਂ ਦੀ ਨਿਯਮਿਤ ਦੇਖਭਾਲ, ਘਰੇਲੂ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਅਤੇ ਯੋਗ ਅੰਤਰਾਲ ਬਣਾਈ ਰੱਖਣਾ ਇਨ੍ਹਾਂ ਖ਼ਤਰਿਆਂ ਨੂੰ ਘੱਟਾਉਣ ਵਿੱਚ ਮਦਦ ਕਰ ਸਕਦਾ ਹੈ। ਜਿਵੇਂ ਕਿ ਦੁਨੀਆ ਵੱਧ ਰਹੇ ਤਾਪਮਾਨ ਅਤੇ ਜਲਵਾਯੂ ਬਦਲਾਅ ਨਾਲ ਨਜਿੱਠ ਰਹੀ ਹੈ, ਇਸਦੇ ਨਾਲ ਹੀ ਏਅਰ ਕੰਡੀਸ਼ਨਰ ਪ੍ਰਣਾਲੀਆਂ ਦੇ ਅਤਿ ਉਪਯੋਗ ਨਾਲ ਹੋ ਰਹੀਆਂ ਸਿਹਤ ਸਮੱਸਿਆਵਾਂ ਵੀ ਹਨ। ਆਰਾਮ ਅਤੇ ਸਿਹਤ ਦੇ ਵਿਚਕਾਰ ਸੰਤੁਲਨ ਬਣਾਉਣਾ ਮਹੱਤਵਪੂਰਨ ਹੈ ਤਾਂ ਜੋ ਏਅਰ ਕੰਡੀਸ਼ਨਰ ਦੇ ਲਾਭਾਂ ਨੂੰ ਵੱਧ ਤੋਂ ਵੱਧ ਕੀਤਾ ਜਾ ਸਕੇ ਅਤੇ ਉਨ੍ਹਾਂ ਦੇ ਨੁਕਸਾਨ ਨੂੰ ਘਟਾਇਆ ਜਾ ਸਕੇ।

ਊਰਜਾ ਕੁਸ਼ਲਤਾ ਨੂੰ ਸੁਧਾਰ ਕਰਨ ਅਤੇ ਨੁਕਸਾਨਦਾਇਕ ਉਤਸਰਜਨਾਂ ਨੂੰ ਘਟਾਉਣ ਲਈ ਪਹਿਲਾਂ ਤੋਂ ਕੀਤੇ ਗਏ ਕਦਮਾਂ ਦੁਆਰਾ ਅਸੀਂ ਠੰਡੇ ਸਥਾਨਾਂ ਦਾ ਆਰਾਮ ਲੈ ਸਕਦੇ ਹਾਂ ਜਦੋਂ ਅਸੀਂ ਆਪਣੇ ਭਵਿੱਖ ਦੀ ਪੀੜ੍ਹੀ ਲਈ ਆਪਣੀ ਧਰਤੀ ਨੂੰ ਬਚਾਉਂਦੇ ਹਾਂ।

# ਪੜ੍ਹ-ਪੜ੍ਹ ਥੱਕੇ




ਵੇਦ-ਕਿਤਾਬਾਂ ਪੜ੍ਹ-ਪੜ੍ਹ ਥੱਕੇ।
ਭਾਰੀ ਬਸਤੇ ਚੁੱਕ-ਚੁੱਕ ਅੱਕੇ।

ਕਿੰਨੀ ਉੱਚੀ ਕੀਤੀ ਪੜ੍ਹਾਈ।
ਮਿਲੀ ਨੌਕਰੀ ਪਰ ਨਾ ਕਾਈ।
ਦਰ-ਦਰ ਖਾਂਦੇ ਫਿਰੀਏ ਧੱਕੇ।

ਥਾਂ-ਥਾਂ ਤੇ ਹੈ ਭ੍ਰਿਸ਼ਟਾਚਾਰ।
ਪੜ੍ਹੇ-ਲਿਖੇ ਨੇ ਬੇਰੁਜ਼ਗਾਰ।
ਮਹਿੰਗਾਈ ਨੇ ਫੱਟੇ ਚੱਕੇ।

ਗੱਲ ਕਹਾਂ ਮੈਂ ਬਿਲਕੁਲ ਸੱਚੀ।
ਸਰਵਿਸ ਮਿਲਦੀ ਹਰ ਥਾਂ ਕੱਚੀ।
ਤਾਹੀਂਓਂ ਬਣਦੇ ਚੋਰ-ਉਚੱਕੇ।

ਸਰਕਾਰਾਂ ਨੇ ਲਾਏ ਲਾਰੇ।
ਦੁਖ ਸਾਡੇ ਪਰਬਤ ਤੋਂ ਭਾਰੇ।
ਪੂਰੀ ਜ਼ਿੰਦਗੀ ਹੋਏ ਨਾ ਪੱਕੇ।

ਹੱਕਾਂ ਲਈ ਹੜਤਾਲਾਂ ਕਰੀਆਂ।
ਸਰਕਾਰਾਂ ਨਾ ਵੇਖ ਕੇ ਜਰੀਆਂ।
ਚੁੱਕ-ਚੁੱਕ ਸਭ ਨੂੰ ਜੇਲ੍ਹੀਂ ਡੱਕੇ।

ਰਿਸ਼ਵਤ ਖਾਣ ਦੀ ਆਈ ਹਨੇਰੀ।
ਕਦੋਂ ਰੁਕੇਗੀ ਹੇਰਾ-ਫੇਰੀ।
ਆਮ ਲੋਕ ਨੇ ਹੱਕੇ-ਬੱਕੇ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

# ਪਾਲਤੂ



ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਇੱਕੀਵੀਂ ਸਦੀ ਦਾ
ਅਜਬ ਧਰਮ ਹੈ।
ਅਸਲ ਵਿੱਚ ਵੱਡੇ ਘਰਾਂ ਨੂੰ
ਇਹੀ ਵੱਡਾ ਭਰਮ ਹੈ
ਕਿ ਪਟੇ ਵਾਲੇ ਕੁੱਤੇ,
ਕੁੱਤੇ ਨਹੀਂ ਹੁੰਦੇ।

ਅਸਲ ਵਿੱਚ ਇਹ ਕੁੱਤੇ ਤਾਂ ਹੁੰਦੇ ਨੇ
ਪਰ ਹੁੰਦੇ ਨੇ ਪਾਲਤੂ
ਪਰ ਹੁੰਦੇ ਤਾਂ ਕੁੱਤੇ ਹੀ ਨੇ ਨਾ।
ਮਾਲਕ ਦੀ ਭਾਸ਼ਾ ਸਮਝਦੇ।
ਮੂੰਹ ਖਾਵੇ ਅੱਖਾਂ ਸ਼ਰਮਾਉਣ।

ਮੇਮ ਸਾਹਿਬ ਦਾ ਕੁੱਡਾ
ਸਭ ਤੋਂ ਲਾਡਲਾ।
ਗੇਟ ਵਾਲਾ ਖ਼ੂੰਖਾਰ ਵੱਢ ਖਾਣਾ।
ਲੰਘਣ ਨਾ ਦੇਵੇ ਗਲੀ 'ਚੋਂ
ਨਿਆਣਾ ਸਿਆਣਾ।
ਪਰ ਜੇ ਕੋਈ ਕਾਬੂ ਆ ਜਾਵੇ
ਜੀਅ ਭਿਆਣਾ।
ਲੀਰਾਂ ਵਾਂਗ ਪਾੜ ਕਰੇ ਅੱਧੋਰਾਣਾ।

ਪਟੇ ਵਾਲੇ ਕੁੱਤੇ ਅਕਸਰ
ਬੈਠਕ ਵਿੱਚ
ਆਏ ਗਏ ਨੂੰ ਸੁੰਘਦੇ।
ਮਗਰੋਂ ਉਨ੍ਹਾਂ ਹੀ ਪੈਰਾਂ 'ਚ ਬੈਠ
ਘੂਕ ਨੀਂਦਰ ਸੌਂਦੇ।
ਘੁਰਾੜੇ ਛੱਡਦੇ।

ਪਰ ਇਹ ਕੁੱਤੇ ਜਾਣਦੇ ਨੇ
ਬਈ ਉਹ ਕੁੱਤੇ ਨੇ।
ਇਸੇ ਲਈ ਪੈਰਾਂ 'ਚ ਬਹਿੰਦੇ।
ਮਾਲਕ ਨੂੰ ਕਦੇ ਕੁਝ ਨਾ ਕਹਿੰਦੇ।
ਲਾਡੀਆਂ ਕਰਦੇ,
ਘੁਰਕੀ ਤੋਂ ਤਰਹਿੰਦੇ।

# ਤੀਆਂ ਦਾ ਮੇਲਾ ਬੀਲੇਫੀਲਡ, ਜਰਮਨੀ

ਨੀ ਕਾਹਲੀ ਕਾਹਲੀ ਪੈਰ ਪੁੱਟ ਲੈ,
ਤੀਆਂ ਲੱਗੀਆਂ ਬੀਲੇਫੀਲਡ,
ਨੀ ਕਾਹਲੀ ਕਾਹਲੀ ਪੈਰ ਪੁੱਟ ਲੈ,



ਦੁਨੀਆਂ ਭਰ ਵਿੱਚ ਸੌਣ ਮਹੀਨੇ ਜਾਂ ਫੇਰ ਸੌਣ ਮਹੀਨੇ ਤੋਂ ਬਾਅਦ ਤੀਆਂ ਦੇ ਮੇਲੇ ਲੱਗਦੇ ਹਨ। ਹਰ ਪਾਸੇ ਤੀਆਂ ਦਾ ਮੇਲਾ ਵੱਖ ਵੱਖ-ਵੱਖ ਤਰੀਕਿਆਂ ਨਾਲ ਲਗਾਇਆ ਜਾਂਦਾ ਹੈ। ਕੁਝ ਪੈਸੇ ਕਮਾਉਣ ਲਈ ਤੀਆਂ ਦਾ ਮੇਲਾ ਲਗਾਉਂਦੇ, ਕੁਝ ਮਨ ਪਰਚਾਉਣ ਲਈ, ਕੁਝ ਹਰ ਸਾਲ ਮੇਲੇ ਦੀ ਰੀਤ ਨਿਭਾਉਣ ਲਈ, ਕੁਝ ਰਵਾਇਤੀ ਪੰਜਾਬੀ ਵਿਰਸਾ ਸਾਂਭਣ ਲਈ।
ਪੁਰਾਤਨ ਸੁਆਣੀਆਂ ਆਪਣੇ ਘਰਾਂ ਦੇ ਕੰਮਾਂ ਦਾ ਨਿਬੇੜਾ ਕਰਕੇ ਪਿੰਡ ਵਿੱਚ ਕਿਸੇ ਵੱਡੇ ਤੇ ਸੰਘਣੇ ਰੁੱਖ ਹੇਠਾਂ ਇਕੱਠੀਆਂ ਹੋ ਜਾਂਦੀਆਂ ਸਨ ਕਿਉਂਕਿ ਸੌਣ ਮਹੀਨੇ ਮੀਂਹ ਪੈਣ ਕਰਕੇ ਘਰਾਂ ਦੇ ਕੰਮ ਵੀ ਘੱਟ ਹੁੰਦੇ ਸਨ ਜਿਸ ਕਰਕੇ ਸੁਆਣੀਆਂ ਕੋਲ ਵਕਤ ਦੀ ਕਮੀ ਨਹੀਂ ਸੀ ਹੁੰਦੀ। ਉਹਨਾਂ ਦਿਨਾਂ ਤੋਂ ਹੀ ਤੀਆਂ ਦੇ ਮੇਲੇ ਦਾ ਜਨਮ ਹੋਇਆ ਹੈ। ਮੈਂ ਲਗਭਗ ਦੋ ਦਹਾਕਿਆਂ ਤੋਂ ਜਰਮਨੀ ਵਿੱਚ ਰਹਿੰਦੀ ਹਾਂ, ਹਰ ਸਾਲ ਜਰਮਨੀ ਦੇ ਵੱਖ ਵੱਖ ਸ਼ਹਿਰਾਂ ਵਿੱਚ ਤੀਆਂ ਦੇ ਮੇਲੇ ਲਗਵਾਏ ਜਾਂਦੇ ਹਨ ਪਰ ਬਹੁਤੀ ਵਾਰ ਦੇਖਦੀ ਹਾਂ ਕਿ ਡੀ ਜੇ ਤੇ ਗੀਤ ਚਲਾ ਕੇ ਬੀਬੀਆਂ ਨੱਚਣ ਰਹੀਆਂ ਹੁੰਦੀਆਂ ਹਨ। ਕਿਸੇ ਨੂੰ ਕੋਈ ਲੋਕ ਗੀਤ, ਗਿੱਧੇ ਦੀਆਂ ਬੋਲੀਆਂ, ਸੁਹਾਗ ਤੇ ਘੋੜੀਆਂ ਦਾ ਇੱਕ ਟੱਪਾ ਵੀ ਨਹੀਂ ਆਉਂਦਾ।






ਬੀਲੇਫੀਲਡ ਸ਼ਹਿਰ ਵਿੱਚ ਮੈਨੂੰ ਤੀਆਂ ਦਾ ਮੇਲਾ ਬਹੁਤ ਹੀ ਵਧੀਆ ਲੱਗਿਆ ਕਿਉਂਕਿ ਇੱਥੇ ਭਾਵੇਂ ਬੀਬੀਆਂ ਪੰਜਾਹ ਕੁ ਹੀ ਸਨ ਪਰ ਗਿੱਧਾ ਪਾਉਣ ਸਮੇਂ ਬੋਲੀਆਂ ਦੀ ਲੜੀ ਨਹੀਂ ਟੁੱਟਣ ਦਿੱਤੀ। ਕੀ ਕੁੜੀਆਂ ਤੇ ਕੀ ਬੁੜੀਆ ਸਭ ਪੂਰੇ ਜੋਸ਼ ਨਾਲ ਬੋਲੀਆਂ ਪਾ ਕੇ ਉੱਚੀ ਉੱਚੀ ਤਾੜੀਆਂ ਮਾਰ ਕੇ ਨੱਚ ਰਹੀਆਂ ਸਨ। ਇੱਕ ਬੀਬੀ ਨੇ ਖੱਬੇ ਪਾਸੇ ਲੱਕ ਤੇ ਜੁਆਕ ਚੁੱਕਿਆ ਹੋਇਆ ਸੀ ਤੇ ਬੋਲੀ ਤੇ ਬੋਲੀ ਪਾ ਕੇ ਨੱਚ ਰਹੀ ਸੀ। ਸ਼ਾਇਦ ਇਹ ਜੋਸ਼ ਉਸ ਵਕਤ ਆਉਂਦਾ ਹੈ ਜਦੋਂ ਅਸੀਂ ਧੁਰ ਅੰਦਰ ਤੱਕ ਖੁਸ਼ ਹੋਈਏ।

ਮੇਲੇ ਦੇ ਪ੍ਰਬੰਧ ਲਈ ਸਾਰੀਆਂ ਭੈਣਾਂ ਨੇ ਰਲ ਮਿਲ ਕੇ ਪਕੌੜੇ, ਸਮੋਸੇ, ਬਰੈਡ ਵਾਲੇ ਪਕੌੜੇ, ਕੇਸਰ ਵਾਲੀ ਖੀਰ, ਚਿੱਟੇ ਛੋਲਿਆਂ ਦੀ ਸਬਜ਼ੀ, ਮਟਰਾਂ ਵਾਲੇ ਚਾਵਲ, ਪੀਜ਼ੇ ਆਦਿ ਵੀ ਆਪ ਹੀ ਬਣਾ ਕੇ ਪਰੋਸੇ ਹੋਏ ਸਨ। ਇੱਥੋਂ ਤੱਕ ਕਿ ਹਾਲ ਦੀ ਸਜਾਵਟ ਜਰਮਨੀ ਦੀਆਂ ਜੰਮਪਲ ਧੀਆਂ ਨੇ ਕਣਕ ਦੇ ਛਿੱਟੇ ਕੰਧਾਂ ਤੇ ਲਗਾ ਕੇ, ਢੋਲਕੀ ਵਾਂਗ ਦਿਖਾਈ ਦਿੰਦੀਆਂ ਸਜਾਵਟੀ ਰੰਗ ਬਰੰਗੀਆਂ ਢੋਲਕੀਆਂ ਤੇ ਢੋਲ ਬਣਾਏ ਹੋਏ ਸਨ।
ਲੰਬੇ ਸਮੇਂ ਤੋਂ ਜਰਮਨੀ ਰਹਿਣ ਵਾਲੇ ਭੈਣ ਮਨਦੀਪ ਕੌਰ ਨੇ ਵਿਰਾਸਤੀ ਪੰਜਾਬੀ ਸਮਾਨ ਦੀ ਪ੍ਰਦਰਸ਼ਨੀ ਲਗਾਈ ਹੋਈ ਸੀ ਜਿਸ ਵਿੱਚ ਰੇਸ਼ਮੀ ਬਾਗ ਫੁਲਕਾਰੀ, ਸੁਰਮੇਦਾਨੀ, ਪਿੱਤਲ ਦੇ ਭਾਂਡੇ, ਹੱਥ ਨਾਲ ਬਣਾਈਆਂ ਦਰੀਆਂ, ਖੇਸ,



ਪੱਖੀਆਂ, ਬਿਸਕੁਟਾਂ ਵਾਲਾ ਪੀਪਾ ਜਾਂ ਸਿਧਾਰੇ ਵਾਲਾ ਪੀਪਾ, ਪਿੱਤਲ ਦਾ ਨਲਕਾ ਜਿਸ ਨੂੰ ਗੇੜ ਕੇ ਪਾਣੀ ਵੀ ਕੱਢ ਸਕਦੇ ਹਾਂ ਦਾ ਮਾਡਲ, ਕਰੋਸ਼ੀਆ ਨਾਲ ਬਣੇ ਕੁਝ ਮੇਜ਼ ਪੋਸ਼ ਦੇ ਕੱਪੜੇ, ਸਿੰਧੀ ਕਢਾਈ ਨਾਲ ਤਿਆਰ ਕੀਤਾ ਮੇਜ਼ ਪੋਸ਼ ਆਦਿ ਸ਼ਾਮਲ ਸਨ।

ਸਰਬਜੀਤ ਸਿੰਘ ਜਰਮਨੀ ਵਲੋਂ ਪੰਜਾਬੀ ਦੀਆਂ ਕੁਝ ਕਿਤਾਬਾਂ ਦੀ ਪ੍ਰਦਰਸ਼ਨੀ ਲਗਾਈ ਗਈ ਸੀ ਜਿਹਨਾਂ ਵਿੱਚ "ਤੂੰ ਹੀ ਤੂੰ" "ਗੁਰੂ ਕੀ ਰਸੋਈ" ਮੈਗਜ਼ੀਨ ਲੇਖਕ ਸਰਬਜੀਤ ਸਿੰਘ ਜਰਮਨੀ, "ਉਸ ਪਾਰ ਜ਼ਿੰਦਗੀ" "ਤਾਲਾਬੰਦੀ ਦੀ ਦਾਸਤਾਨ" ਲੇਖਕ ਬਿੰਦਰ ਕੋਲੀਆਂ ਵਾਲ, "ਪੜਿਆ ਸੁਣਿਆ ਦੇਖਿਆ" ਲੇਖਕ ਤਰਲੋਚਨ ਸਿੰਘ ਦੁਪਾਲਪੁਰ, "ਹਿਰਦੇ ਦੀ ਹੂਕ" "ਕੁਦਰਤ ਦੇ ਅੰਗ ਸੰਗ" ਲੇਖਕ ਪਰਗਟ ਸਿੰਘ ਰੰਧਾਵਾ ਆਦਿ ਕਿਤਾਬਾਂ ਸ਼ਾਮਲ ਸਨ।

ਪੰਜਾਬੀਆਂ ਦੀ ਕੋਈ ਵੀ ਮਿਲਣੀ ਜਾਂ ਤਿਉਹਾਰ, ਕੋਈ ਵੀ ਮੇਲਾ ਉਦੋਂ ਤੱਕ ਸੰਪੂਰਨ ਨਹੀਂ ਸਮਝਿਆ ਜਾਂਦਾ ਜਦੋਂ ਤੱਕ ਮਿੱਠਾ ਰੋਕ ਕੇ, ਪੱਤੀ ਠੋਕ ਕੇ ਭਾਵ ਕੜ੍ਹਾਕੇ ਵਾਲੀ ਚਾਹ ਨਾ ਮਿਲੇ। ਦੱਸਦੀ ਜਾਵਾਂ ਕਿ ਬਾਕੀ ਸਾਰਾ ਪ੍ਰੋਗਰਾਮ ਬੀਬੀਆਂ ਨੇ ਆਪ ਹੀ ਨਜਿੱਠੀਆਂ ਪਰ ਗੁੜ ਵਾਲੀ ਖ਼ਾਸ ਚਾਹ ਵੀਰ ਅਵਤਾਰ ਸਿੰਘ ਗਿੱਲ ਅਤੇ ਸੁਖਪ੍ਰੀਤ ਸਿੰਘ ਨੇ ਬਣਾਈ ਸੀ। ਚਾਹ ਐਨੀ ਕੁ ਜ਼ਿਆਦਾ ਸੁਆਦ ਸੀ ਕਿ ਜਰਮਨੀ ਜੰਮਪਲ ਧੀਆਂ ਜੋ ਘਰੇ ਕਦੇ ਚਾਹ ਨਹੀਂ ਪੀਂਦੀਆਂ ਨੇ ਵੀ ਦੋ ਦੋ ਗਿਲਾਸ ਚਾਹ ਦੇ ਪੀ ਲਏ ਸਨ। ਤੁਸੀਂ ਇਹ ਅੰਦਾਜ਼ਾ ਆਪ ਹੀ ਲਾ ਲੈਣਾ ਕਿ ਅਸੀਂ ਬੀਬੀਆਂ ਨੇ ਕਿੰਨੇ ਕਿੰਨੇ ਕੱਪ ਜਾਂ ਕਿੰਨੇ ਕਿੰਨੇ ਗਿਲਾਸ ਚਾਹ ਦੇ ਪੀਤੇ ਹੋਣਗੇ।

ਕੁਝ ਮਿਲਾ ਕੇ ਬੀਲੇਫੀਲਡ, ਜਰਮਨੀ ਦਾ ਮੇਲਾ ਅਮਿੱਟ ਯਾਦਾਂ ਛੱਡ ਗਿਆ ਤੇ ਅਗਲੇ ਸਾਲ ਮੁੜ ਫੇਰ ਤੀਆਂ ਦੇ ਮੇਲੇ ਤੇ ਇਸੇ ਤਰ੍ਹਾਂ ਮਿਲਣ ਦਾ ਵਾਅਦਾ ਕਰਦੀਆਂ ਬੀਬੀਆਂ ਆਪਣੇ ਆਪਣੇ ਘਰਾਂ, ਸ਼ਹਿਰਾਂ ਨੂੰ ਚਲੀਆਂ ਗਈਆਂ। ਵਾਹਿਗੁਰੂ ਜੀ ਮਿਹਰ ਕਰਨ ਇਹ ਘਰ ਤੇ ਬਾਹਰ ਨੌਕਰੀ ਕਰਨ ਵਾਲੀਆਂ ਜਰਮਨੀ ਵਾਸੀ ਪੰਜਾਬਣਾਂ ਇਸੇ ਤਰ੍ਹਾਂ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਨੂੰ ਪਿਆਰ ਕਰਦੀਆਂ ਰਹਿਣ ਤੇ ਅਗਲੀ ਪੀੜ੍ਹੀ ਲਈ ਵਿਰਸਾ ਸੰਭਾਲ ਪੂਰਨੇ ਪਾਉਂਦੀਆਂ ਰਹਿਣ।